# ਆਪਣੀ COVID-19 ਵੈਕਸੀਨ ਲੈਣ ਲਈ ਟੀਕਾਕਰਨ ਕੇਂਦਰ ਜਾ ਰਹੇ ਹਾਂ।




amaze | NDS National Disability Services

Punjabi | ਪੰਜਾਬੀ




ਮੈਂ ਆਪਣੀ COVID-19 ਵੈਕਸੀਨ ਲਗਵਾਉਣ ਲਈ ਟੀਕਾਕਰਨ ਕਲੀਨਿਕ ਜਾ ਰਿਹਾ/ਰਹੀ ਹਾਂ।

ਇਹ ਕਲੀਨਿਕ ਸਿਰਫ਼ COVID-19 ਵੈਕਸੀਨ ਲਈ ਹਨ।

COVID-19 ਵੈਕਸੀਨ ਇੱਕ ਦਵਾਈ ਹੈ ਜੋ ਮੇਰੀ ਬਾਂਹ ਵਿੱਚ ਸੂਈ (ਟੀਕੇ) ਦੁਆਰਾ ਲਗਾਈ ਜਾਂਦੀ ਹੈ।

ਇਹ ਲੋਕਾਂ ਨੂੰ COVID-19 ਨਾਲ ਲਾਗ ਗ੍ਰਸਤ ਹੋਣ ਅਤੇ ਇਸ ਨੂੰ ਫ਼ੈਲਾਉਣ ਤੋਂ ਰੋਕਣ ਵਿੱਚ ਮਦਦ ਕਰੇਗੀ।

ਇਹ ਲੋਕਾਂ ਨੂੰ COVID-19 ਤੋਂ ਬਹੁਤ ਬਿਮਾਰ ਹੋਣ ਤੋਂ ਵੀ ਰੋਕ ਸਕਦੀ ਹੈ।





ਮੇਰੇ ਨਾਲ ਗਏ ਬਾਲਗਾਂ ਨੂੰ ਆਪਣੇ ਫ਼ੋਨ 'ਤੇ QR ਕੋਡ ਦੀ ਵਰਤੋਂ ਕਰਕੇ ਚੈੱਕ-ਇਨ ਕਰਨਾ ਹੋਵੇਗਾ।
ਜਾਂ ਉਹ ਮੇਰਾ ਨਾਮ ਅਤੇ ਫ਼ੋਨ ਨੰਬਰ ਲਿਖ ਦੇਣਗੇ।




ਸਟਾਫ਼ ਮੇਰੇ ਤਾਪਮਾਨ ਦੀ ਜਾਂਚ ਕਰ ਸਕਦਾ ਹੈ।

ਉਹ ਮੇਰੇ ਨਾਲ ਗਏ ਬਾਲਗ਼ ਦੇ ਤਾਪਮਾਨ ਦੀ ਵੀ ਜਾਂਚ ਕਰ ਸਕਦੇ ਹਨ।



ਜੇ ਮੈਂ ਪਹਿਲਾਂ ਹੀ ਮਾਸਕ ਪਾਇਆ ਹੋਇਆ ਹੈ, ਤਾਂ ਮੈਨੂੰ ਇੱਕ ਨਵਾਂ ਮਾਸਕ ਪਹਿਨਣ ਲਈ ਕਿਹਾ ਜਾਵੇਗਾ।
ਮੇਰੇ ਨਾਲ ਗਏ ਬਾਲਗ਼ ਵੀ ਆਪਣੇ ਮਾਸਕ ਨੂੰ ਬਦਲ ਲੈਣਗੇ।



ਜਦੋਂ ਮੈਂ ਇਮਾਰਤ ਵਿੱਚ ਦਾਖਲ ਹੁੰਦਾ/ਦੀ ਹਾਂ ਤਾਂ ਮੈਨੂੰ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰਨ ਦੀ ਲੋੜ ਪੈ ਸਕਦੀ ਹੈ।
ਮੈਂ ਆਪਣਾ ਹੈਂਡ ਸੈਨੀਟਾਈਜ਼ਰ ਵੀ ਵਰਤ ਸਕਦਾ/ਸਕਦੀ ਹਾਂ।




ਮੈਂ ਅਤੇ ਮੇਰੇ ਨਾਲ ਗਏ ਬਾਲਗ਼ ਡੈਸਕ 'ਤੇ ਜਾਵਾਂਗੇ।

ਮੇਰੇ ਨਾਲ ਗਏ ਬਾਲਗ਼ ਸਟਾਫ਼ ਮੈਂਬਰ ਦੇ ਨਾਲ ਫਾਰਮ ਭਰਨਗੇ।

ਸਟਾਫ਼ ਮੈਂਬਰ ਮੈਨੂੰ ਦੱਸੇਗਾ ਕਿ ਅੱਗੇ ਕੀ ਕਰਨਾ ਹੈ।




ਸਟਾਫ਼ ਮੈਂਬਰ ਦੁਆਰਾ ਮੈਨੂੰ ਕਮਰੇ ਤੱਕ ਲਿਜਾਇਆ ਜਾਵੇਗਾ।

ਜੇਕਰ ਚਾਨਣ ਬਹੁਤ ਜ਼ਿਆਦਾ ਹੈ, ਮੈਂ ਧੁੱਪ ਦੀਆਂ ਐਨਕਾਂ ਲਗਾ ਸਕਦਾ/ਦੀ ਹਾਂ ਜਾਂ ਟੋਪੀ ਪਹਿਨ ਸਕਦਾ/ਦੀ ਹਾਂ।

ਮੇਰਾ ਨਾਲ ਗਏ ਬਾਲਗ਼ ਮੇਰੇ ਨਾਲ ਹੀ ਰਹਿ ਸਕਦੇ ਹਨ।




ਮੈਂ ਜਿੱਥੇ ਚਾਹਵਾਂ ਉੱਥੇ ਬੈਠ ਸਕਦਾ/ਦੀ ਹਾਂ।

ਮੈਂ ਆਪਣੇ ਨਾਲ ਗਏ ਬਾਲਗ਼ ਦੀ ਗੋਦੀ ਵਿੱਚ ਬੈਠ ਸਕਦਾ/ਦੀ ਹਾਂ।

ਮੈਂ ਕੁਰਸੀ 'ਤੇ ਬੈਠ ਸਕਦਾ/ਦੀ ਹਾਂ।

ਜਾਂ ਮੈਂ ਫਰਸ਼ 'ਤੇ ਬੈਠ ਸਕਦਾ/ਦੀ ਹਾਂ।




ਮੈਂ ਇੱਕ ਵੀਡੀਓ ਦੇਖ ਸਕਦਾ/ਦੀ ਹਾਂ।

ਮੈਂ ਸੰਗੀਤ ਸੁਣ ਸਕਦਾ/ਦੀ ਹਾਂ।

ਮੈਂ ਆਪਣਾ ਖਿਡੌਣੇ ਨਾਲ ਖੇਡ ਸਕਦਾ/ਦੀ ਹਾਂ ਜਾਂ ਗਲੇ ਲਗਾ ਸਕਦਾ/ਦੀ ਹਾਂ।




ਨਰਸ ਮੇਰੇ ਨਾਲ ਗਏ ਬਾਲਗਾਂ ਕੋਲੋਂ ਮੇਰੀ ਸਿਹਤ ਬਾਰੇ ਕੁਝ ਸਵਾਲ ਪੁੱਛੇਗੀ।



ਨਰਸ ਮੈਨੂੰ ਆਪਣਾ ਜੰਪਰ (ਕੋਟੀ ਜਾਂ ਜੈਕੇਟ) ਉਤਾਰਨ ਜਾਂ ਆਪਣੀ ਕਮੀਜ਼ ਦੀ ਬਾਂਹ ਨੂੰ ਉੱਪਰ ਚੁੱਕਣ ਲਈ ਕਹੇਗੀ।
ਜੇ ਮੈਨੂੰ ਟੀਕੇ ਬਾਰੇ ਘਬਰਾਹਟ ਮਹਿਸੂਸ ਹੁੰਦੀ ਹੈ, ਤਾਂ ਮੈਂ ਪਾਸੇ ਵੱਲ ਜਾਂ ਕੰਧ 'ਤੇ ਕਿਸੇ ਚੀਜ਼ ਵੱਲ ਦੇਖ ਸਕਦਾ/ਦੀ ਹਾਂ।
ਮੇਰੇ ਨਾਲ ਗਏ ਬਾਲਗ਼ ਮੈਨੂੰ ਦਿਲਾਸਾ ਦੇ ਸਕਦੇ ਹਨ।



ਮੈਨੂੰ ਟੀਕਾ ਲਗਾਉਣ ਤੋਂ ਬਾਅਦ, ਨਰਸ ਮੇਰੀ ਬਾਂਹ 'ਤੇ ਬੈਂਡ-ਏਡ ਅਤੇ/ਜਾਂ ਰੂੰਅ ਦਾ ਫ਼ੰਬਾ ਲਗਾ ਦੇਵੇਗੀ।

ਫਿਰ ਮੈਂ ਆਪਣੇ ਜੰਪਰ (ਕੋਟੀ ਜਾਂ ਜੈਕੇਟ) ਨੂੰ ਵਾਪਸ ਪਾ ਸਕਦਾ/ਦੀ ਹਾਂ, ਜਾਂ ਆਪਣੀ ਕਮੀਜ਼ ਦੀ ਬਾਂਹ ਨੂੰ ਹੇਠਾਂ ਕਰ ਸਕਦਾ/ਦੀ ਹਾਂ।

ਨਰਸ ਮੇਰੇ ਨਾਲ ਗਏ ਬਾਲਗ਼ ਨੂੰ ਇਸ ਬਾਰੇ ਇੱਕ ਜਾਣਕਾਰੀ ਵਾਲੀ ਸ਼ੀਟ ਦੇਵੇਗੀ ਕਿ ਟੀਕੇ ਤੋਂ ਬਾਅਦ ਕੀ ਉਮੀਦ ਕਰਨੀ ਹੈ।






ਕੰਧ 'ਤੇ ਇੱਕ ਰੁੱਖ ਦੀ ਤਸਵੀਰ ਹੋਵੇਗੀ।

ਇਸ ਨੂੰ ਸੁਰੱਖਿਆ ਦਾ ਜਾਦੂਈ ਜੰਗਲ (Enchanted Forest of Protection) ਕਿਹਾ ਜਾਂਦਾ ਹੈ।

ਨਰਸ ਕੋਲ ਪੱਤੇ ਦੀ ਸ਼ਕਲ ਵਾਲੇ ਸਟਿੱਕਰ ਹੋਣਗੇ।

ਜੇ ਮੈਂ ਚਾਹਾਂ, ਤਾਂ ਮੈਂ ਇੱਕ ਪੱਤੇ ਵਾਲੇ ਸਟਿੱਕਰ ਉੱਪਰ ਆਪਣਾ ਨਾਮ ਲਿਖ ਕੇ ਅਤੇ ਇਸਨੂੰ ਦਰੱਖਤ ਵਿੱਚ ਲਗਾ ਸਕਦਾ/ਦੀ ਹਾਂ।

ਮੇਰੇ ਨਾਲ ਗਏ ਬਾਲਗ਼ ਮੇਰੀ ਮੱਦਦ ਕਰ ਸਕਦੇ ਹਨ।




ਮੈਨੂੰ ਉਡੀਕ ਖੇਤਰ ਵਿੱਚ 15 ਮਿੰਟ ਲਈ ਉਡੀਕ ਕਰਨੀ ਹੋਵੇਗੀ।

ਟੀਕਾ ਲੱਗਣ ਦੇ ਬਾਅਦ ਇਹ ਹੁੰਦਾ ਹੈ।

ਮੇਰਾ ਨਾਲ ਗਿਆ ਹੋਇਆ ਬਾਲਗ਼ ਆਪਣੇ ਫ਼ੋਨ 'ਤੇ ਸਮਾਂ ਸੈੱਟ ਕਰ ਸਕਦਾ ਹੈ।

ਜਦੋਂ ਮੈਂ ਉਡੀਕ ਕਰ ਰਿਹਾ ਹੁੰਦਾ/ਦੀ ਹਾਂ ਤਾਂ ਮੈਂ ਸੰਗੀਤ ਸੁਣ ਸਕਦਾ/ਦੀ ਹਾਂ , ਵੀਡੀਓ ਦੇਖ ਸਕਦਾ/ਦੀ ਹਾਂ ਅਤੇ ਫਿਜੇਟ ਆਈਟਮਾਂ (ਧਿਆਨ ਭਟਕਾਉਣ ਵਾਲਿਆਂ ਚੀਜ਼ਾਂ) ਦੀ ਵਰਤੋਂ ਕਰ ਸਕਦਾ/ਦੀ ਹਾਂ।



ਜਦੋਂ 15 ਮਿੰਟ ਖ਼ਤਮ ਹੋ ਜਾਣਗੇ, ਨਰਸ ਦੁਆਰਾ ਮੈਨੂੰ ਕੁੱਝ ਸਵਾਲ ਪੁੱਛੇ ਜਾਣਗੇ।

ਜੇ ਮੈਂ ਚਾਹਾਂ, ਤਾਂ ਮੈਂ ਇਸ ਬਾਰੇ ਆਪਣੇ ਨਾਲ ਗਏ ਬਾਲਗ਼ ਨੂੰ ਦੱਸ ਸਕਦਾ/ਦੀ ਹਾਂ ਅਤੇ ਉਹ ਮੇਰੇ ਲਈ ਨਰਸ ਨਾਲ ਗੱਲ ਕਰ ਸਕਦੇ ਹਨ।




ਮੈਂ ਹੁਣ ਟੀਕਾਕਰਨ ਕੇਂਦਰ ਛੱਡ ਕੇ ਜਾ ਸਕਦਾ/ਸਕਦੀ ਹਾਂ।

# ਅਮੇਜ਼ (Amaze) ਅਤੇ ਨੈਸ਼ਨਲ ਡਿਸਏਬਿਲਟੀ ਸਰਵਿਸਿਜ਼ (National Disability Services) ਦੁਆਰਾ ਸਾਂਝੇਦਾਰੀ ਵਿੱਚ ਮਾਣ ਨਾਲ ਤਿਆਰ ਕੀਤਾ ਗਿਆ ਹੈ


ਅਮੇਜ਼ (Amaze)

ਫ਼ੋਨ: 03 9657 1600

www.amaze.org.au

ਈਮੇਲ: info@autismconnect.org.au



ਨੈਸ਼ਨਲ ਡਿਸਏਬਿਲਟੀ ਸਰਵਿਸਿਜ਼
(National Disability Services)

ਫ਼ੋਨ: 03 8341 4300

www.nds.org.au

ਈਮੇਲ: ndsvic@nds.org.au



**ਮਾਨਤਾਵਾਂ**
EACH ਘੱਟ ਸੰਵੇਦਨਸ਼ੀਲ, ਬੱਚਿਆਂ ਅਤੇ ਬਾਲਗ਼ ਟੀਕਾਕਰਨ ਕਲੀਨਿਕ ਦੇ ਸਮੁੱਚੇ ਸਟਾਫ਼ ਨੂੰ ਉਹਨਾਂ ਦੇ ਸਮਰਥਨ ਲਈ ਅਤੇ ਇਸ ਸਰੋਤ ਦੇ ਵਿਕਾਸ ਵਿੱਚ ਹਿੱਸਾ ਲੈਣ ਵਾਲੇ ਪਰਿਵਾਰ ਨੂੰ ਧੰਨਵਾਦ ਸਹਿਤ।

ਇਹ ਸਮਾਜਿਕ ਪਟਕਥਾ ਅਮੇਜ਼ (Amaze) ਅਤੇ ਨੈਸ਼ਨਲ ਡਿਸਏਬਿਲਟੀ ਸਰਵਿਸਿਜ਼ (NDS) ਦੁਆਰਾ ਵਿਕਟੋਰੀਆ ਦੇ ਸਿਹਤ ਵਿਭਾਗ (Victorian Department of Health) ਅਤੇ ਵਿਕਟੋਰੀਆ ਦੇ ਫੈਮਿਲੀਜ਼ ਫੇਅਰਨੈੱਸ ਐਂਡ ਹਾਊਸਿੰਗ ਵਿਭਾਗ (Victorian Department of Families Fairness and Housing.) ਦੇ ਸਹਿਯੋਗ ਨਾਲ ਬਣਾਈ ਗਈ ਸੀ।



© Amaze 2022


